**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ,ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ**
**ਐੱਸ.ਸੀ.ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

**ਵੱਲ:**

(1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ

(2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ(ਵੈਬਸਾਈਟ ਰਾਹੀਂ)।

ਮੀਮੋ ਨੰ. ਸਸਅ/ਮੀਡੀਆ/2010/57235
ਮਿਤੀ: ਚੰਡੀਗੜ੍ਹ: 07.09.2010

**ਵਿਸ਼ਾ: ਚੌਥੀ ਅਤੇ ਪੰਜਵੀਂ ਜਮਾਤ ਦੀ ਸਤੰਬਰ ਮਹੀਨੇ ਦੀ ਤਿਮਾਹੀ ਪ੍ਰੀਖਿਆ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਚੌਥੀ ਅਤੇ ਪੰਜਵੀਂ ਜਮਾਤ ਦੀ ਪਹਿਲੀ ਤਿਮਾਹੀ ਦੀ ਪ੍ਰੀਖਿਆ, ਜੋ ਕਿ ਸਕੂਲ ਪੱਧਰ 'ਤੇ ਅਧਿਆਪਕਾਂ ਵੱਲੋਂ ਆਪ ਹੀ ਲਈ ਜਾਣੀ ਹੈ ਪਰ ਇਸਦੇ ਲਈ ਪ੍ਰਸ਼ਨ ਪੱਤਰ ਦਫ਼ਤਰ ਸਰਵ ਸਿੱਖਿਆ ਅਭਿਆਨ ਵੱਲੋਂ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਪੰਜਾਬ ਨੂੰ ਭੇਜੇ ਜਾ ਰਹੇ ਹਨ। ਇਹ ਪ੍ਰੀਖਿਆ ਹੇਠ ਲਿਖੀਆਂ ਮਿਤੀਆਂ ਅਨੁਸਾਰ ਹੋਵੇਗੀ।

| ਲੜੀ ਨੰ. | ਜਮਾਤ | ਮਿਤੀ | ਦਿਨ | ਵਿਸ਼ਾ |
|---|---|---|---|---|
| 1 | ਚੌਥੀ ਅਤੇ ਪੰਜਵੀਂ | 10-09-10 | ਸ਼ੁੱਕਰਵਾਰ | ਪੰਜਾਬੀ |
| 2 | ਚੌਥੀ ਅਤੇ ਪੰਜਵੀਂ | 13-09-10 | ਸੋਮਵਾਰ | ਗਣਿਤ |
| 3 | ਚੌਥੀ ਅਤੇ ਪੰਜਵੀਂ | 14-09-10 | ਮੰਗਲਵਾਰ | ਹਿੰਦੀ |
| 4 | ਚੌਥੀ ਅਤੇ ਪੰਜਵੀਂ | 15-09-10 | ਬੁੱਧਵਾਰ | ਵਾਤਾਵਰਣ ਸਿੱਖਿਆ |
| 5 | ਚੌਥੀ ਅਤੇ ਪੰਜਵੀਂ | 17-09-10 | ਸ਼ੁੱਕਰਵਾਰ | ਅੰਗਰੇਜ਼ੀ |

3.0 ਪੇਪਰ ਦਾ ਸਮਾਂ ਅੱਧੀ ਛੁੱਟੀ ਤੋਂ ਬਾਦ 12:00 ਵਜੇ ਤੋਂ 2:00 ਵਜੇ ਤੱਕ ਹੋਵੇਗਾ। ਪੇਪਰ ਸਮੇਂ ਸਿਰ ਸ਼ੁਰੂ ਕੀਤਾ ਜਾਵੇ ਅਤੇ ਸਮੇਂ ਸਿਰ ਹੀ ਖਤਮ ਕੀਤਾ ਜਾਵੇ।

4.0 ਮਿਤੀ 14-09-10 ਨੂੰ ਰੇਡੀਓ ਪ੍ਰੋਗਰਾਮ ਸ਼ੁਰੂ ਹੋਣ ਕਰਕੇ ਇਸ ਦਿਨ ਹਿੰਦੀ ਦੇ ਪੇਪਰ ਦਾ ਸਮਾਂ 12:45 ਵਜੇ ਤੋਂ 2:00 ਵਜੇ ਤੱਕ ਹੋਵੇਗਾ।

5.0 ਪ੍ਰਸ਼ਨ ਪੱਤਰ ਸਮੇਂ ਸਿਰ ਸਕੂਲਾਂ ਤੱਕ ਪਹੁੰਚਾਉਣ ਦੀ ਸਮੁੱਚੀ ਜ਼ਿੰਮੇਵਾਰੀ ਸਬੰਧਤ ਬੀ.ਆਰ.ਪੀ ਦੀ ਹੋਵੇਗੀ ਪਰ ਐਮਰਜੈਂਸੀ ਹਾਲਤ ਵਿਚ ਸਿਰਫ਼ ਇਨ੍ਹਾਂ ਪੇਪਰਾਂ 'ਚ ਬੀ.ਐਮ.ਟੀ/ਸੀ.ਐਮ.ਟੀ ਦੀ ਵੀ ਡਿਊਟੀ ਲਾਈ ਜਾ ਸਕਦੀ ਹੈ।

6.0. ਕਿਸੇ ਸਕੂਲ ਵਿਚ ਪ੍ਰਸ਼ਨ ਪੱਤਰ ਘੱਟ ਹੋਣ ਦੀ ਸੂਰਤ ਵਿਚ ਲੋੜੀਂਦੇ ਪੇਪਰਾਂ ਸਬੰਧੀ ਸੀ.ਐਮ.ਟੀ/ਬੀ.ਐਮ.ਟੀ ਜਾਂ ਬੀ.ਪੀ.ਈ.ਓ ਦਫ਼ਤਰ ਦੇ ਸਬੰਧਤ ਬੀ.ਆਰ.ਪੀ ਨਾਲ ਸੰਪਰਕ ਕੀਤਾ ਜਾਵੇ।

7.0 ਨਕਲ ਰਹਿਤ ਪ੍ਰੀਖਿਆ ਕਰਵਾਉਣ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ ਪੂਰੀ ਤਰਾਂ ਜ਼ਿੰਮੇਵਾਰ ਹੋਣਗੇ।

8.0 ਜਿਨ੍ਹਾਂ ਸਕੂਲਾਂ ਵਿਚ ਬੱਚਿਆਂ ਦੀ ਗਿਣਤੀ ਜ਼ਿਆਦਾ ਹੋਵੇ ਅਤੇ ਅਧਿਆਪਕ ਘੱਟ ਹੋਣ ਤਾਂ ਉੱਥੇ ਬੀ.ਐਮ.ਟੀ/ਸੀ.ਐਮ.ਟੀ/ਪੀ.ਸੀ.ਸੀ ਦੀ ਡਿਊਟੀ ਜ਼ਿਲ੍ਹਾ ਕੋਆਰਡੀਨੇਟਰ ਪੂਰੀ ਪਲਾਨਿੰਗ ਅਨੁਸਾਰ ਲਗਾ ਸਕਦਾ ਹੈ ਤਾਂ ਜੋ ਅਧਿਆਪਕ ਨੂੰ ਸਹੀ ਤਰੀਕੇ ਨਾਲ ਕੰਮ ਕਰਵਾਉਣ ਵਿਚ ਮਦਦ ਮਿਲ ਸਕੇ।

9.0 ਵਿਦਿਆਰਥੀਆਂ ਦੀਆਂ ਉੱਤਰ ਕਾਪੀਆਂ ਇੱਕ ਹਫ਼ਤੇ ਦੇ ਅੰਦਰ ਅੰਦਰ ਚੈੱਕ ਹੋ ਜਾਣੀਆਂ ਚਾਹੀਦੀਆਂ ਹਨ ਅਤੇ ਵਿਦਿਆਰਥੀ ਦੇ ਪ੍ਰਾਪਤ ਅੰਕ/ਗਰੇਡ ਨੂੰ ਪ੍ਰਗਤੀ ਰਜਿਸਟਰ/ਪ੍ਰਗਤੀ ਕਾਰਡ 'ਤੇ ਨਾਲ ਹੀ ਨਾਲ ਦਰਜ਼ ਕਰ ਲਿਆ ਜਾਵੇ।

10.0 ਵਿਦਿਆਰਥੀਆਂ ਨੂੰ ਕਿਸੇ ਵੀ ਹਾਲਤ 'ਚ ਪ੍ਰਾਪਤ ਅੰਕ ਨਹੀਂ ਦੱਸੇ ਜਾਣਗੇ ਸਿਰਫ਼ ਪ੍ਰਾਪਤ ਗਰੇਡ ਹੀ ਦੱਸਿਆ ਜਾਵੇਗਾ।

11.0 ਵਿਦਿਆਰਥੀਆਂ ਦੇ ਅੰਕ/ਗਰੇਡ ਨੂੰ ਪ੍ਰਗਤੀ ਰਜਿਸਟਰ ਅਤੇ ਪ੍ਰਗਤੀ ਕਾਰਡ ਵਿਚ ਭਰਨ ਸਮੇਂ ਅੰਕਾਂ ਅਨੁਸਾਰ ਗਰੇਡਿੰਗ ਪ੍ਰਣਾਲੀ ਇਸ ਤਰਾਂ ਹੋਵੇਗੀ:-

| | |
|---|---|
| ਗਰੇਡ ਏ: | 80 % ਜਾਂ ਵੱਧ |
| ਗਰੇਡ ਬੀ: | 79% ਤੋਂ 65% |
| ਗਰੇਡ ਸੀ: | 64% ਤੋਂ 50% |

ਗਰੇਡ ਡੀ: 49% ਤੋਂ 35%

ਗਰੇਡ ਈ: 35% ਤੋਂ ਘੱਟ

12.0 ਵਿਦਿਆਰਥੀਆਂ ਦੀਆਂ ਉੱਤਰ ਪੱਤਰੀਆਂ ਦਾ ਰਿਕਾਰਡ ਸਕੂਲ ਵਿਚ ਬਕਾਇਦਾ ਰੱਖਿਆ ਜਾਵੇਗਾ। ਵਿਸ਼ੇ ਅਤੇ ਜਮਾਤ ਅਨੁਸਾਰ ਉੱਤਰ ਪੱਤਰੀਆਂ ਨੂੰ ਸੰਭਾਲਣ ਲਈ ਫਾਈਲ ਕਵਰ ਜਾਂ ਲਿਫ਼ਾਫ਼ੇ ਵਰਤੇ ਜਾਣ।

13.0 ਪ੍ਰਗਤੀ ਰਜਿਸਟਰ ਜਾਂ ਪ੍ਰਗਤੀ ਕਾਰਡ ਵਿਚ ਜਿਸ ਬੱਚੇ ਦਾ ਨਾਂ ਇਕ ਵਾਰ ਦਰਜ਼ ਹੋ ਗਿਆ ਹੈ ਉਸਦਾ ਨਾਂ ਲਗਾਤਾਰ ਉਸੇ ਪੰਨੇ 'ਤੇ ਚਲਦਾ ਰਹੇਗਾ।

14.0 ਵਿੱਦਿਅਕ ਮੁਕਾਬਲੇ, ਖੇਡਾਂ ਜਾਂ ਬਿਮਾਰੀ ਆਦਿ ਕਾਰਨਾਂ ਕਰਕੇ ਜੇਕਰ ਕੋਈ ਵਿਦਿਆਰਥੀ ਨਿਰਧਾਰਿਤ ਮਿਤੀ ਨੂੰ ਪ੍ਰੀਖਿਆ ਨਹੀਂ ਦੇ ਸਕਦਾ ਤਾਂ ਅਧਿਆਪਕ ਉਸ ਬੱਚੇ ਦੀ ਪ੍ਰੀਖਿਆ ਉਸ ਦਿਨ ਜ਼ਰੂਰ ਲਏਗਾ ਜਿਸ ਦਿਨ ਉਹ ਬੱਚਾ ਦੁਬਾਰਾ ਸਕੂਲ ਹਾਜ਼ਰ ਹੋਵੇਗਾ।

15.0 ਮਾਪੇ ਅਧਿਆਪਕ ਮਿਲਣੀ ਮਹੀਨੇ ਦੇ ਆਖਰੀ ਸ਼ਨਿੱਚਰਵਾਰ ਅੱਧੀ ਛੁੱਟੀ ਤੋਂ ਬਾਅਦ ਕਰਵਾਈ ਜਾਵੇ। ਇਸ ਦੌਰਾਨ ਮਾਪਿਆਂ ਨੂੰ ਬੱਚਿਆਂ ਦੀ ਪ੍ਰਗਤੀ ਤੋਂ ਜਾਣੂੰ ਵੀ ਕਰਵਾਇਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠ ਅੰਕਣ ਨੰ: ਉਕਤ/57236 ਮਿਤੀ 07.09.2010

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:-

(1) ਸਮੂਹ ਜ਼ਿਲ੍ਹਾ ਕੋਆਰਡੀਨੇਟਰ, ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**